

# ਸੰਦੀਪ, ਇੱਕ ਕੇਅਰਟੇਕਰ

ਭਾਰਤੀ ਵਿਗਿਆਨੀਆਂ ਵੱਲੋਂ ਕਰੋਨਾ ਵਾਇਰਸ(Covid-19) ਨੂੰ ਜਵਾਬ
ਵਲੰਟੀਅਰ ਗਰੁੱਪ

IndiSciCovid

https://indscicov.in/





Indian Scientists' Response to COVID-19

ਸੰਦੀਪ ਨੂੰ ਆਪਣੇ ਸਹੁਰੇ ਦੀ ਚਿੰਤਾ ਹੈ। ਉਸਨੂੰ ਤੇਜ਼ ਬੁਖਾਰ ਅਤੇ ਇੰਨੀ ਜ਼ੋਰਦਾਰ ਖੰਘ ਹੈ ਕਿ ਪਰਿਵਾਰ ਦਾ ਹਰ ਕੋਈ ਉਸਦੇ ਲਈ ਦਰਦ ਮਹਿਸੂਸ ਕਰ ਰਿਹਾ ਹੈ।

ਉਸਦੀ ਬੇਟੀ ਅਮਨ ਹਾਲ ਹੀ ਖਰੀਦੇ ਥਰਮਾਮੀਟਰ ਤੋਂ ਦਾਦਾ ਜੀ ਦਾ ਨਿਯਮਿਤ ਰੂਪ ਵਿੱਚ ਤਾਪਮਾਨ ਲੈ ਰਹੀ ਹੈ। ਹਰਮਨ ਬੇਮਤਲਬ  ਫੈਂਸੀ ਚੀਜ਼ਾਂ ਖਰੀਦਣ ਦਾ ਚਾਹਵਾਨ ਨਹੀਂ ਸੀ, ਉਸਦੇ ਅਨੁਸਾਰ, ਮੱਥੇ 'ਤੇ ਆਪਣਾ ਹੱਥ ਲਗਾਕੇ ਅਤੇ ਵਿਅਕਤੀ ਦੀ ਨਬਜ਼ ਨੂੰ ਮਹਿਸੂਸ ਕਰਨਾ ਵੀ ਕਮਚਲਾਉ ਤਕਨੀਕਾਂ ਹਨ। ਸੰਦੀਪ ਨੇ ਜ਼ੋਰ ਦੇ ਕੇ ਕਿਹਾ: “ਇਸ ਮੁਸੀਬਤ ਭਰੇ ਸਮੇਂ ਵਿਚ, ਥਰਮਾਮੀਟਰ ਇਕ ਚੰਗਾ ਖਰਚ ਹੈ, ਸਾਨੂੰ ਬੁਖਾਰ ਹੈ ਜਾਂ ਨਹੀਂ ਪਤਾ ਲਗਾਉਣ ਦੇ ਨਾਲ-ਨਾਲ ਇਸਦੇ ਨਾਲ ਸਹੀ ਤਾਪਮਾਨ ਵੀ ਪਤਾ ਕਰ ਸਕਦੇ ਹਾਂ। ਘੱਟੋ-ਘੱਟ ਡਾਕਟਰ ਨੂੰ ਅਸੀ ਇਹ ਦੱਸਣ ਲਾਇਕ ਹੋਵਾਂਗੇ ਕਿ ਕਿੰਨੇ ਘੰਟਿਆਂ ਵਿਚ ਤਾਪਮਾਨ ਕਿੰਨਾ ਵਧਿਆ "। ਉਸਦਾ ਛੋਟਾ ਭਰਾ ਰਮਨ, ਅਮਨ ਨੂੰ ਛੇੜ ਰਿਹਾ ਸੀ ਕਿ ਉਹ ਕਿਵੇਂ ਹਰ ਸਮੇਂ ਡਾਕਟਰਾਂ ਨਾਲ ਗੱਲ ਕਰ ਰਹੀ ਸੀ ਜਿਵੇਂ ਬਹੁਤ ਵੱਡੀ ਤੀਸ ਖਾਨ ਹੋਵੇ। ਸੰਦੀਪ ਨੂੰ 16 ਸਾਲ ਦੀ ਜੁੰਮੇਵਾਰ ਧੀ ਤੇ ਬਹੁਤ ਮਾਣ ਸੀ।


ਸੰਦੀਪ ਨੂੰ ਲਗ ਰਿਹਾ ਹੈ ਕਿ ਸ਼ਾਇਦ ਉਸਦਾ ਸਹੁਰਾ ਚੁਫੇਰੇ ਫੈਲੇ "ਕੋਰੋਨਾ" ਨੂੰ ਲਵਾ ਬੈਠਾ ਹੈ, ਜਿਸਦੀ ਵਜਹਾ ਨਾਲ ਉਹਨਾ ਦੀ ਰੋਜ਼ਮਰਾ ਜ਼ਿਦਗੀ ਠੱਪ ਹੋ ਗਈ ਹੈ। ਸੰਦੀਪ ਘਰੇਲੂ ਨੌਕਰਾਣੀ ਹੈ ਜਦਕਿ ਹਰਮਨ ਦੀ ਦਰਜ਼ੀ ਦਾ ਦੁਕਾਨ ਹੈ। ਉਹ ਬੜੀ ਮੁਸ਼ਕਲ ਆਪਣਾ, ਆਪਣੇ ਬੱਚਿਆਂ ਅਤੇ ਹਰਮਨ ਦੇ ਬਜ਼ੁਰਗ ਮਾਪਿਆਂ ਨੂੰ ਸਹਾਰਾ ਦੇਣ ਜੋਗੇ ਹੋਏ ਹਨ, ਛੇ ਜਣਿਆਂ ਦਾ ਇਹ ਪਰਿਵਾਰ  ਉਸ ਛੋਟੇ ਜਿਹੇ ਘਰ ਵਿਚ



ਰਹਿਦੇ ਹਨ, ਜਿਸ ਵਿਚ ਇਕ ਵੱਡਾ ਕਮਰਾ ਸੀ, ਇਕ ਛੋਟਾ ਕਮਰਾ ਗਲੀ ਦੇ ਵੱਲ, ਇਕ ਰਸੋਈ ਪਿੱਛੇ, ਇਸ਼ਨਾਨਘਰ ਅਤੇ ਕੱਪੜੇ ਧੋਣ ਦੀ ਜਗ੍ਹਾ ਅਤੇ ਇਕੋ ਟਾਇਲਟ ਹੈ। ਗਲੀ ਤੋਂ ਲੈਕੇ ਟਾਇਲਟ ਤਕ ਪੂਰਾ ਘਰ ਛੋਟੀ ਜਗ੍ਪਾ ਵਿੱਚ ਸਿਮਟਿਆ ਸੀ। ਇਸਦੇ ਪਿੱਛੇ ਜੋ ਨਹਿਰ ਸੀ ਉਹ ਨਹਿਰ ਘੱਟ ਤੇ ਚੋਅ ਜਿਆਦਾ ਬੱਣ ਗਈ ਸੀ। ਖੱੜੇ ਪਾਣੀ ਕਰਕੇ ਪੂਰੇ ਉਲਾਕੇ ਵਿੱਚ ਮੱਛਰ ਪਣਪ ਰਹੇ ਹਨ। ਪਰ ਸੰਦੀਪ ਸ਼ੁਕਰਗੁਜ਼ਾਰ ਹੈ ਕਿ ਉਸ ਦਾ ਆਪਣਾ ਟਾਇਲਟ ਹੈ, ਉਸ ਦੇ ਭਰਾ ਦੇ ਪਰਿਵਾਰ ਨੂੰ ਤਿੰਨ ਹੋਰ ਪਰਿਵਾਰਾਂ ਨਾਲ ਟਾਇਲਟ ਸਾਂਝੀ ਕਰਨੀ ਪੈਂਦੀ ਹੈ।

ਹੁਣ ਉਸ ਦੀ ਕਮਾਈ ਰੁਕੀ ਹੋਈ ਹੈ, ਉਸ ਦੀ ਬਚਤ ਤੇਜ਼ੀ ਨਾਲ ਖਰਚ ਹੋ ਰਹੀ ਹੈ, ਪਰ ਉਸਨੂੰ ਛੇ ਜਣਿਆਂ ਦਾ ਢਿੱਡ ਭਰਨਾ ਹੈ। ਹੁਣ ਬਾਬਾ ਬਿਮਾਰ ਹੈ ਅਤੇ ਕੌਣ ਜਾਣਦਾ ਹੈ ਕਿ ਕੋਰੋਨਾ ਦੀਆਂ ਦਵਾਈਆਂ ਦੀ ਕੀ ਕੀਮਤ ਹੋਵੇਗੀ। ਜੇ ਉਸਨੂੰ ਹਸਪਤਾਲ ਦਾਖਲ ਕਰਵਾਉਣਾ ਪੈ ਗਿਆ? ਸਰਕਾਰੀ ਹਸਪਤਾਲ ਕੋਈ ਫੀਸ ਨਹੀਂ ਲੈਂਦਾ, ਪਰ ਹੋਰ ਖਰਚਿਆਂ ਦਾ ਤਾਂ ਉਹੀ ਲੋਕਾਂ ਜਾਣਦੇ ਜਿਹਨਾਂ ਦਾ ਆਉਣਾ-ਜਾਣਾ ਲੱਗਿਆ ਰਹਿੰਦਾ ਹੈ।


ਉਹ ਹਸਪਤਾਲ ਕਿਵੇਂ ਜਾਣਗੇ? ਲੋਕ ਕਹਿੰਦੇ ਹਨ ਕਿ ਐਂਬੂਲੈਂਸ ਆਵੇਗੀ ਅਤੇ ਤੁਹਾਨੂੰ ਲੈ ਜਾਏਗੀ, ਪਰ ਉਸਨੂੰ ਚਿੰਤਾ ਹੈ ਕਿ, ਕੀ ਐਂਬੂਲੈਂਸਾਂ ਸਾਡੇ ਵਰਗੇ ਗਰੀਬ ਲੋਕਾਂ ਲਈ ਆਉਣਗੀਆਂ? ਉਨ੍ਹਾਂ ਵਿੱਚੋਂ ਇੱਕ ਪਰਿਵਾਰ ਜਿਸ ਲਈ ਉਹ ਕੰਮ ਕਰਦੀ ਹੈ (ਕੰਮ ਕੀਤਾ?) ਦੀ ਇੱਕ ਬਜੁਰਗ ਔਰਤ ਹੈ ਜਿਸ ਬਾਰੇ ਉਹ ਪਰਿਵਾਰ ਚਿੰਤਤ ਹੈ;



ਯਕੀਨਨ ਐਂਬੂਲੈਂਸ ਉਸ ਲਈ ਤੇ ਆਵੇਗੀ ਹੀ। ਭਾਵੇਂ ਕਿ ਬਾਬਾ ਐਂਬੂਲੈਂਸ ਵਿਚ ਜਾਂਦਾ ਹੈ, ਪਰ ਬੱਸ ਨਹੀਂ ਹੋਣ 'ਤੇ ਸੰਦੀਪ ਉਸ ਲਈ ਦਿਨ ਵਿਚ ਇੰਨੀ ਵਾਰ ਖਾਣਾ ਕਿਵੇਂ ਲੈਕੇ ਜਾਵੇਗੀ? ਕੀ ਉਹ ਸਰਕਾਰ 'ਤੇ ਭਰੋਸਾ ਕਰ ਸਕਦੀ ਹੈ ਕਿ ਉਸਨੂੰ ਨਿਯਮਿਤ ਭੋਜਨ ਮਿਲੇਗਾ? ਜੋ ਉਸਨੇ ਹਸਪਤਾਲ ਬਾਰੇ ਵੇਖਿਆ ਹੈ ਉਸ ਨਾਲ ਉਸ ਵਿੱਚ ਵਿਸ਼ਵਾਸ ਪੈਦਾ ਨਹੀਂ ਹੁੰਦਾ। ਸ਼ੁਕਰ ਹੈ ਕਿ ਇਹ ਉਸਦੀ ਸੱਸ ਨਹੀਂ ਹੈ ਜੋ ਬਿਮਾਰ ਹੈ, ਉਹ ਖਲਬਲੀ ਮਚਾਉਣ ਵਾਲੀ ਹੈ ਅਤੇ ਕਦੇ ਵੀ ਉਸ ਹਸਪਤਾਲ ਦੀ ਕੰਟੀਨ ਤੋਂ ਦਾ ਖਾਣਾ ਖਾਵੇਗੀ।

ਸੰਦੀਪ ਨੇ ਆਪਣੇ ਮਨ ਵਿਚੋਂ ਇਹ ਵਿਚਾਰ ਕੱਢੇ। ਬਾਬੇ ਨੂੰ ਕੋਰੋਨਾ ਹੋ ਸਕਦਾ ਹੈ, ਪਰ ਅਜੇ ਉਹ ਠੀਕ ਹੈ। ਬੁਖਾਰ ਅਤੇ ਖੰਘ ਹਰ ਸਾਲ ਕਈ ਵਾਰ ਆਉਂਦੇ ਆ। ਬੁਖਾਰ ਵੀ 100 ਤੋਂ ਥੋੜ੍ਹਾ ਵੱਧ ਹੈ। ਉਹ ਡਾ. ਕੰਗ ਦੇ ਫੋਨ ਨੰਬਰ ਤੇ ਕਾਲ ਕਰਦੀ ਹੈ। ਡਾ. ਕੰਗ ਧੀਰਜ ਨਾਲ ਸੁਣਦਾ ਹੈ ਅਤੇ ਕਹਿੰਦਾ ਹੈ ਕਿ ਉਸਦੇ ਸਹੁਰੇ ਦਾ ਕੋਵਿਡ (ਕੋਰੋਨਾ ਦਾ ਇਕ ਹੋਰ ਨਾਮ) ਲਈ ਟੈਸਟ ਕੀਤਾ ਜਾਣਾ ਚਾਹੀਦਾ ਹੈ। ਪਰ ਹਸਪਤਾਲਾਂ ਵਿੱਚ ਟੈਸਟ ਕਰਵਾਉਣ ਲਈ ਬਹੁਤ ਭੀੜ ਹੈ, ਹੁਣ ਹਸਪਤਾਲ ਆਣ ਦੀ ਜ਼ਰੂਰਤ ਨਹੀਂ ਹੈ, ਉਹ ਇਕ ਦਿਨ ਦੀ ਉਡੀਕ ਕਰ ਸਕਦੀ ਹੈ। ਡਾ. ਕੰਗ ਕਹਿੰਦਾ ਹੈ ਕਿ ਦੋ ਚੀਜ਼ਾਂ ਜ਼ਰੂਰੀ ਹਨ, ਪਤਾ ਕਰੋ ਕਿ ਉਸਨੂੰ ਬਿਮਾਰੀ ਕਿਸਤੋਂ ਲੱਗੀ ਹੈ ਅਤੇ ਮੈਨੂੰ ਦੱਸੋ, ਅਤੇ ਸਹੁਰੇ ਨੂੰ ਪਰਿਵਾਰ ਦੇ ਮੈਂਬਰਾਂ ਤੋਂ ਦੂਰ ਰੱਖੋ, ਇਕੱਲਤਾ ਵਿੱਚ ਰੱਖੋ।

ਸੰਦੀਪ ਨੂੰ ਸਮਝਣ ਲਈ ਕੁਝ ਸਮਾਂ ਲੱਗਦਾ ਹੈ ਕਿ ਇਕੱਲਤਾ ਦਾ ਕੀ ਅਰਥ ਹੈ, ਪਰ ਹੁਣ ਉਹ ਸਪੱਸ਼ਟ ਹੈ, ਅਤੇ ਅਮਨ ਨਾਲ ਇਸ ਬਾਰੇ ਗੱਲ ਕਰਦੀ ਹੈ। ਅਮਨ ਇਕ ਕਾਗਜ਼ 'ਤੇ ਨਿਰਦੇਸ਼ ਤਿਆਰ ਕਰਦੀ ਹੈ। ਸੰਦੀਪ ਇਨ੍ਹਾਂ ਨਿਰਦੇਸ਼ਾਂ ਨੂੰ ਲਾਗੂ ਕਰਨ



ਵਿਚ ਆਪਣੀ ਸੱਸ ਲਈ ਮਦਦ ਦੀ ਸੂਚੀ ਬਣਾਉਂਦੀ ਹੈ। ਇਹ ਪਤਾ ਨਹੀਂ ਹੈ ਕਿ ਉਹ ਇਨ੍ਹਾਂ ਨਿਰਦੇਸ਼ਾਂ ਨੂੰ ਕਿੰਨਾ ਸਮਝੇਗੀ, ਪਰ ਬੀਬੀ ਆਪਣੀ ਜਵਾਨੀ ਤੋਂ ਚੇਚਕ ਦੀਆਂ ਡੂੰਘੀਆਂ ਯਾਦਾਂ ਹਨ ਕਿ ਇਕ ਪੀੜਤ ਪਰਿਵਾਰ ਨੇ ਇਸ ਛੂਤ ਦੀ ਬਿਮਾਰੀ ਦੇ ਫੈਲਣ ਨੂੰ ਰੋਕਣ ਲਈ ਕੀ ਕੀਤਾ, ਅਤੇ ਇਹ ਸਾਰੇ ਯਤਨ ਦੀ ਉਹ ਕਦਰ ਕਰਦੀ ਹੈ।

ਹਰਮਨ ਨੂੰ ਆਪਣੇ ਪਿਤਾ ਦੀ ਦੇਖਭਾਲ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ, ਸਿਰਫ ਇਕ ਵਿਅਕਤੀ ਨੇ ਦਾਦਾ ਜੀ ਦੇ ਨੇੜੇ ਜਾਣਾ ਹੈ। ਅਮਨ ਦੇ ਵਾਲ ਬਣਾਉਣ ਤੋਂ ਲੈ ਕੇ ਆਪਣੀ ਸੱਸ ਨੂੰ ਦਵਾਈਆਂ ਦੇਣ ਅਤੇ ਹਰ ਕਿਸੇ ਲਈ ਖਾਣਾ ਬਣਾਉਣ ਤੱਕ, ਸੰਦੀਪ ਘਰ ਦੇ ਲਗਭਗ ਸਾਰੇ ਮੈਂਬਰਾਂ ਦੇ ਸੰਪਰਕ ਵਿੱਚ ਹੈ। ਉਹ ਦੇਖਭਾਲ ਕਰਨ ਦੀ ਜ਼ਿੰਮੇਵਾਰੀ ਨਹੀਂ ਲੈ ਸਕਦੀ! ਹਰਮਨ ਦਾ ਮਦਦ ਕਰਨਾ ਵੀ ਸਹੀ ਹੈ, ਆਖਿਰਕਾਰ ਉਹ ਉਸਦਾ ਦਾ ਪਿਤਾ ਹੈ। ਹਾਲਾਂਕਿ ਹਰਮਨ ਅਤੇ ਉਸ ਦੇ ਪਿਤਾ ਬੁੜ ਬੁੜ ਕਰਦੇ ਰਹਿੰਦੇ ਹਨ, ਪਰ ਅਮਨ ਦੀ ਮਦਦ ਨਾਲ, ਸੰਦੀਪ ਆਪਣੇ ਛੋਟੇ ਘਰ ਨੂੰ ਪੂਰੀ ਤਰ੍ਹਾਂ ਬਦਲ ਦਿੰਦੀ ਹੈ।

1. ਦਾਦਾ ਜੀ ਨੂੰ ਸਾਹਮਣੇ ਵਾਲੇ ਕਮਰੇ ਵਿਚ ਲਿਜਾਇਆ ਗਿਆ। ਇਹ ਹਰਮਨ ਅਤੇ ਰਮਨ ਦਾ ਸਥਾਨ ਸੀ, ਪਰ ਉਨ੍ਹਾਂ ਕੋਲ ਹੋਰ ਕੋਈ ਵਿਕਲਪ ਨਹੀਂ ਸੀ। ਇੱਕ ਸਾਬਣ ਅਤੇ ਪਾਣੀ ਦਾ ਇੱਕ ਘੜਾ, ਅਤੇ ਸਾਰੇ ਸਤਹ ਪੂੰਝਣ ਲਈ ਇੱਕ ਗਿੱਲਾ ਕੱਪੜਾ ਛੋਟੇ ਕਮਰੇ ਵਿੱਚ ਰੱਖਿਆ ਗਿਆ ਹੈ। ਇਥੇ ਦੀ ਦੇਖਭਾਲ ਹਰਮਨ ਦੀ ਜ਼ਿੰਮੇਵਾਰੀ ਹੈ। ਹਰਮਨ ਦੇ ਪਿਤਾ ਨੂੰ ਦਰਵਾਜ਼ੇ ਅਤੇ ਖਿੜਕੀਆਂ ਖੋਲ੍ਹਣ ਲਈ ਸਿਰਫ ਕੂਹਣੀਆਂ ਦੀ ਵਰਤੋਂ ਕਰਨ ਦੀ ਹਦਾਇਤ ਕੀਤੀ ਗਈ ਹੈ। ਬਾਅਦ ਵਿਚ ਹਰਮਨ ਆਪਣੇ ਪਿਤਾ ਦੁਆਰਾ ਛੂਹਣ ਵਾਲੀ ਹਰ ਜਗ੍ਹਾ ਨੂੰ ਸਾਬਣ ਅਤੇ ਪਾਣੀ ਨਾਲ ਪੂੰਝਦਾ ਹੈ।

2. ਦਾਦਾ ਜੀ ਇਕ ਛੋਟੇ ਜਿਹੇ ਕਮਰੇ ਵਿਚ ਰਹਿੰਦੇ ਹਨ, ਸਿਰਫ ਟਾਇਲਟ ਜਾਣ ਲਈ ਬਾਹਰ ਆਉਂਦੇ ਹਨ। ਜਦੋਂ ਉਹ ਬਾਹਰ ਨਿਕਲਦੇ ਹਨ, ਹਰ ਕੋਈ ਉਹਨਾਂ ਤੋਂ ਸੁਰੱਖਿਅਤ ਦੂਰੀ ਰੱਖਦਾ ਹੈ। ਰਮਨ ਨੇ ਦਾਦਾ ਜੀ ਨੂੰ ਫਰਸ਼ ਉੱਤੇ ਤੁਰਨ ਲਈ ਚਾਕ



ਨਾਲ ਲਾਈਨਾਂ ਖਿੱਚੀਆਂ ਹਨ ਅਤੇ ਚੱਕਰ ਬਣਾਏ ਹਨ ਜਿੱਥੇ ਹੋਰ ਮੈਂਬਰ ਖੜੇ ਹੋਣੇ ਚਾਹੀਦੇ ਹਨ। ਸੰਦੀਪ ਜਾਣਦੀ ਹੈ ਕਿ ਉਹ ਲਾਈਨਾਂ ਸਿਰਫ ਅਗਲੀ ਸਵੇਰ ਤੱਕ ਰਹਿਣਗੀਆਂ ਜਦੋਂ ਕਮਰੇ ਦੀ ਸਫਾਈ ਹੋ ਜਾਵੇਗੀ, ਪਰ ਫਿਰ ਵੀ ਇਸ ਨੂੰ ਕਰਨਾ ਸਮਝਦਾਰੀ ਦੀ ਗੱਲ ਹੈ। ਦਿਨ ਭਰ ਵਿੱਚ ਹਰ ਕਿਸੇ ਨੂੰ ਇਸਦੀ ਆਦਤ ਪੈ ਜਾਏਗੀ। ਪਿਤਾ ਦਾ ਤਾਪਮਾਨ ਲੈਣ ਦਾ ਕੰਮ ਵੀ ਹਰਮਨ ਦਾ ਹੈ ਨਾ ਕਿ ਅਮਨ ਦਾ।


3. ਹਰਮਨ ਝਿਜਕਿਆ ਪਰ ਉਸਨੇ ਆਪਣੇ ਪਿਤਾ ਨੂੰ ਵਿਸਥਾਰ ਨਾਲ ਦੱਸਿਆ ਕਿ ਉਹ ਟਾਇਲਟ ਜਾਣ ਵੇਲੇ ਕਿਹੜੀਆਂ ਚੀਜ਼ਾਂ ਨੇ ਛੂਹਣਗੇ, ਅਤੇ ਉਹਨਾਂ ਨੂੰ ਸਮਝਾਇਆ ਕਿ ਬਾਹਰ ਆਉਣ ਤੋਂ ਪਹਿਲਾਂ ਉਹਨਾਂ ਨੇ ਸਾਰੀਆਂ ਥਾਵਾਂ ਨੂੰ ਕਿਵੇਂ ਸਾਫ਼ ਕਰਨਾ ਹੈ। ਉਨ੍ਹਾਂ ਦੇ ਬਾਹਰ ਆਉਣ ਤੋਂ ਬਾਅਦ, ਹਰਮਨ ਦੁਬਾਰਾ ਟਾਇਲਟ ਸਾਫ਼ ਕਰਦਾ ਹੈ ਅਤੇ ਸਾਬਣ ਵਾਲੇ ਪਾਣੀ ਨਾਲ ਸਾਰੀਆਂ ਸਤਹਾਂ ਪੂੰਝਦਾ ਹੈ।

4. ਹਰਮਨ ਆਪਣੇ ਪਿਤਾ ਲਈ ਭੋਜਨ ਲਿਆਉਂਦਾ ਹੈ। ਖਾਣਾ ਖਾਣ ਤੋਂ ਬਾਅਦ, ਉਸ ਦੇ ਪਿਤਾ ਬਰਤਨ ਧੋਂਦੇ ਹਨ ਅਤੇ ਉਸਤੋਂ ਬਾਅਦ ਉਨ੍ਹਾਂ ਨੂੰ ਸਾਬਣ ਵਾਲੇ ਪਾਣੀ ਨਾਲ ਭਰੇ ਇਕ ਵੱਡੇ ਘੜੇ ਵਿਚ ਪਾ ਦਿੰਦੇ ਹਨ। ਹਰਮਨ ਉਹਨਾਂ ਦੇ ਚੱਮਚ ਅਤੇ ਪਲੇਟਾਂ ਨੂੰ ਵੱਖਰੇ ਤੌਰ ਤੇ ਧੋਂਦਾ ਹੈ।

5. ਕਿਸੇ ਵੀ ਮਹਿਮਾਨ ਨੂੰ ਘਰ ਵਿੱਚ ਦਾਖਲ ਹੋਣ ਦੀ ਆਗਿਆ ਨਹੀਂ ਹੈ। ਗੁਆਂਡ ਦੀ ਹਰਲੀਨ ਆਈ, ਪਰ ਸੰਦੀਪ ਨੇ ਉਸਨੂੰ ਘਰ ਨਾ ਬੁਲਾਇਆ ਅਤੇ ਹਰਲੀਨ ਨਾਲ ਗੱਲ ਕਰਨ ਲਈ ਘਰੋਂ ਬਾਹਰ ਆਈ।

ਬਾਕੀ ਪਰਿਵਾਰ ਨੂੰ ਵੀ ਜ਼ਿੰਮੇਵਾਰੀਆਂ ਦਿੱਤੀਆਂ ਜਾਂਦੀਆਂ ਹਨ. ਪੂਰੇ ਘਰ ਵਿੱਚ ਕਰਨ ਨੂੰ ਬਹੁਤ ਕੁਝ ਹੈ:

1. ਘਰ ਦੇ ਬਾਕੀ ਹਿੱਸਿਆਂ ਵਿਚ ਸਤਹ ਪੂੰਝਣ ਲਈ ਸਾਬਣ ਵਾਲੇ ਪਾਣੀ ਅਤੇ ਗਿੱਲੇ ਕੱਪੜੇ ਵਾਲਾ ਇਕ ਹੋਰ ਘੜਾ ਰਸੋਈ ਦੇ ਬਾਹਰ ਰੱਖਿਆ ਗਿਆ ਹੈ, ਇਹ ਜ਼ਿੰਮੇਵਾਰੀ ਰਮਨ ਦੀ ਹੈ.



2. ਬਾਲਟੀ ਬਲੀਚ ਅਤੇ ਡੈਟਲ ਦੀਆਂ ਕੁਝ ਬੂੰਦਾਂ ਪਾਣੀ ਵਿੱਚ ਪਾ ਕੇ ਇੱਕ ਦਿਨ ਵਿੱਚ ਦੋ ਵਾਰ ਅਮਨ ਘਰ ਦੀ ਸਫਾਈ ਕਰਦੀ ਹੈ। ਫਰਸ਼ ਦੇ ਨਾਲ, ਉਹ ਛੋਟੇ ਟੇਬਲ ਅਤੇ ਕੁਰਸੀਆਂ ਵੀ ਸਾਫ਼ ਕਰਦੀ ਹੈ।

3. ਉਨ੍ਹਾਂ ਸਾਰਿਆਂ ਦੇ ਅਲੱਗ ਤੌਲੀਏ ਹਨ, ਜੋ ਹਰ ਰੋਜ਼ ਧੁੱਪ ਵਿਚ ਸੁੱਕਾਏ ਜਾਂਦੇ ਹਨ। ਸੰਦੀਪ ਇਸ ਗੱਲ ਨੂੰ ਧਿਆਨ ਵਿਚ ਰੱਖਦੀ ਹੈ ਕਿ ਉਸਦੇ ਸਹੁਰੇ ਦੇ ਕਪੜੇ ਵੱਖਰੇ ਤੌਰ ਤੇ ਧੋਣੇ ਅਤੇ ਸੁੱਕਣੇ ਚਾਹੀਦੇ ਹਨ।

4. ਅਮਨ ਨੇ ਹਰੇਕ ਲਈ ਕੱਪੜੇ ਦੇ ਕਈ ਤਹਿਆਂ ਵਾਲੇ ਮਾਸਕ ਬਣਾਏ ਹਨ। ਜਦੋਂ ਵੀ ਕੋਈ ਦਾਦਾ ਜੀ ਦਾ ਕੰਮ ਕਰਦਾ ਹੈ, ਹਰ ਕੋਈ ਇਸ ਮਾਸਕ ਦੀ ਵਰਤੋਂ ਕਰਦਾ ਹੈ।

ਸੰਦੀਪ ਨੇ ਇਕ ਠੰਡਾ ਸਾਹ ਲਿਆ। ਇਹ ਮਾੜਾ ਸਮਾਂ ਹੈ, ਪਰ ਉਹ ਚੰਗੀ ਤਰ੍ਹਾਂ ਤਿਆਰ ਹੈ। ਜੇ ਉਹ ਅਤੇ ਹਰਮਨ ਕੁਝ ਵੀ ਕਮਾ ਸਕਦੇ, ਤਾਂ ਉਹ ਚੰਗੀ ਜ਼ਿੰਦਗੀ ਜੀ ਸਕਦੇ ਹਨ।

ਇਸ ਕਹਾਣੀ ਦਾ ਮੰਤਵ ਜਾਣਕਾਰੀ ਦੇਣ ਲਈ ਉਦਾਹਰਨ ਮਾਤਰ ਹੈ। ਨਿਸ਼ਚੇ ਹੀ ਇਸ ਨਾਲ ਸੰਦਰਭ ਨੂੰ ਸਮਝਣ ਦੀ ਸੌਖ ਹੋ ਜਾਂਦੀ ਹੈ। ਕਿਰਪਾ ਕਰ ਕੇ ਇਸ ਨਾਲ ਨੱਥੀ ਦਸਤਾਵੇਜ਼ ਨੂੰ ਪੜ੍ਹਨ ਤੋਂ ਬਾਅਦ ਵਿਗਿਆਨਿਕ ਤੱਥ ਭਰਪੂਰ ਜਾਣਕਾਰੀ ਲਈ ਵੈਬਸਾਈਟ ਨੂੰ ਘੋਖ ਲਵੋ।

